# ਆਕਾਸ਼ਵਾਣੀ ਜਲੰਧਰ

## ਪ੍ਰਦੇਸ਼ਿਕ ਖਬਰਾਂ ਪੰਜਾਬੀ

**13:10 Pm**

**ਮਿਤੀ: 07-06-2024**

ਕੇਂਦਰ ਵਿਚ ਨਵੀਂ ਸਰਕਾਰ ਬਣਾਉਣ ਲਈ, ਨਵੀਂ ਦਿੱਲੀ ਦੇ ਪੁਰਾਣੇ ਸੰਸਦ ਭਵਨ ਦੇ ਸੈਂਟ੍ਰਲ ਹਾਲ ਵਿੱਚ ਹੋ ਰਹੀ ਰਾਸ਼ਟਰੀ ਜਮਹੂਰੀ ਗਠਜੋੜ NDA ਸੰਸਦੀ ਦਲ ਦੀ ਮੀਟਿੰਗ ਵਿਚ ਸ਼੍ਰੀ ਨਰੇਂਦਰ ਮੋਦੀ ਨੂੰ ਸਰਵ ਸਹਿਮਤੀ ਨਾਲ ਗਠਜੋੜ ਦਾ ਨੇਤਾ ਚੁਣ ਲਿਆ ਗਿਆ ਏ। ਕੇਂਦਰੀ ਮੰਤਰੀ ਰਾਜਨਾਥ ਸਿੰਘ ਨੇ ਸ਼੍ਰੀ ਨਰੇਂਦਰ ਮੋਦੀ ਦੇ ਨਾਂਮ ਦੀ ਤਜਵੀਜ ਰੱਖੀ।

---

ਇਸ ਦੌਰਾਨ ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਅਨੁਰਾਗ ਸਿੰਘ ਠਾਕੁਰ ਨੇ ਅੱਜ ਨਵੀਂ ਦਿੱਲੀ ਵਿਚ ਕਿਹਾ ਕਿ ਲੋਕਸਭਾ ਚੋਣਾਂ ਦੌਰਾਨ, ਦੇਸ਼ ਦੇ ਲੋਕਾਂ ਨੇ ਸਥਿਰ ਸਰਕਾਰ ਲਈ, ਪ੍ਰਧਾਨ ਮੰਤਰੀ ਨਰੇਂਦਰ ਮੋਦੀ ਤੇ ਆਪਣਾ ਭਰੋਸਾ ਪ੍ਰਗਟਾਇਆ ਏ।

---------------------------------------------------------------------

ਕੇਂਦਰੀ ਸਿਹਤ ਮੰਤਰਾਲੇ ਦੇ DG-HS, ਡਾ. ਅਤੁਲ ਗੋਇਲ ਨੇ, ਕਲ ਦੇਸ਼ ਭਰ ਵਿੱਚ ਵੱਖ-ਵੱਖ ਸਿਹਤ ਸੰਭਾਲ ਸਹੂਲਤਾਂ ਵੱਲੋਂ ਅਪਣਾਏ ਗਏ ਹੀਟਵੇਵ ਦੀ ਸਥਿਤੀ, ਅੱਗ ਅਤੇ ਬਿਜਲੀ ਸੁਰੱਖਿਆ ਉਪਾਵਾਂ ਲਈ ਤਿਆਰੀਆਂ ਦਾ ਮੁਲਾਂਕਣ ਕਰਨ ਲਈ, ਸੂਬਿਆਂ ਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨਾਲ ਇੱਕ ਵਰਚੁਅਲ ਮੀਟਿੰਗ ਕੀਤੀ। ਇਸ ਵਿੱਚ, ਕੇਂਦਰੀ ਸਿਹਤ ਮੰਤਰਾਲੇ ਨੇ ਗਰਮੀ ਦੇ ਮੌਸਮ ਵਿੱਚ ਹਸਪਤਾਲਾਂ ਵਿੱਚ ਅੱਗ ਰੋਕਣ ਲਈ ਉਪਾਵਾਂ ਤੇ ਹੀਟਵੇਵ ਸਬੰਧੀ ਤਿਆਰੀਆਂ ਦੀ ਸਮੀਖਿਆ ਕੀਤੀ। ਵਧਦੀ ਗਰਮੀ 'ਚ ਅੱਗ ਦੀਆਂ ਵਧਦੀਆਂ ਘਟਨਾਵਾਂ 'ਤੇ ਚਿੰਤਾ ਜ਼ਾਹਰ ਕਰਦੇ ਹੋਏ, ਸਿਹਤ ਮੰਤਰਾਲੇ ਨੇ ਸਾਰੇ ਸੂਬਿਆਂ ਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੂੰ ਸਖਤ ਕਦਮ ਚੁੱਕਣ ਦੇ ਨਿਰਦੇਸ਼ ਜਾਰੀ ਕੀਤੇ ਨੇ। ਮੰਤਰਾਲੇ ਨੇ ਸਮਰਪਿਤ ਹੀਟ ਸਟ੍ਰੋਕ ਰੂਮ, ORS ਕਾਰਨਰ ਯਕੀਨੀ ਬਣਾਉਣ ਅਤੇ I.H.I.P. ਰਾਹੀਂ ਨਿਗਰਾਨੀ ਮਜ਼ਬੂਤ ਕਰਨ ਲਈ ਲਗਾਤਾਰ ਸਮੀਖਿਆਵਾਂ ਦੀ ਅਪੀਲ ਕੀਤੀ ਏ। ਇਸਦੇ ਨਾਲ ਹੀ ਸੂਬਿਆਂ ਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੂੰ ਸਾਰੀਆਂ ਸਿਹਤ ਦੇਖਭਾਲ

ਸਹੂਲਤਾਂ 'ਤੇ ਮਹੱਤਵਪੂਰਨ ਅੱਗ ਅਤੇ ਬਿਜਲੀ ਸੁਰੱਖਿਆ ਉਪਾਵਾਂ ਨੂੰ ਲਾਗੂ ਕਰਨ ਨੂੰ ਯਕੀਨੀ ਬਣਾਉਣ ਲਈ ਕਿਹਾ ਗਿਆ ਏ ।

-----------------------------------------------------

ਫਤਿਹਗੜ੍ਹ ਸਾਹਿਬ ਜ਼ਿਲੇ ਵਿਚ ਸਰਹਿੰਦ ਜੰਕਸ਼ਨ ਤੇ ਸਾਧੂਗੜ੍ਹ ਸਟੇਸ਼ਨ ਵਿਚਾਲੇ ਬੀਤੀ 2 ਜੂਨ ਨੂੰ ਦੋ ਮਾਲ ਗੱਡੀਆਂ ਦੀ ਟੱਕਰ ਦੀ ਜਾਂਚ ਰਿਪੋਰਟ ਵਿੱਚ ਖੁਲਾਸਾ ਹੋਇਆ ਏ, ਕਿ ਲੋਕੋ ਪਾਇਲਟ ਅਤੇ ਉਸ ਦਾ ਸਹਾਇਕ, ਗੱਡੀ ਚਲਾਉਂਦੇ ਸਮੇਂ ਸੌਂ ਗਏ ਸਨ , ਜਿਸ ਕਾਰਨ ਰੈੱਡ ਸਿਗਨਲ ’ਤੇ ਉਹ ਬ੍ਰੇਕ ਨਹੀਂ ਲਗਾ ਸਕੇ ਅਤੇ ਇਹ ਹਾਦਸਾ ਵਾਪਰਿਆ । ਰੇਲਵੇ ਵੱਲੋਂ ਇਸ ਬਾਰੇ ਹੁਣ ਅਗਲੀ ਕਾਰਵਾਈ ਕੀਤੀ ਜਾਣੀ ਏ ।

-----------------------------------------------------

ਭਾਰਤ-ਪਾਕਿਸਤਾਨ ਕੌਮਾਂਤਰੀ ਸਰਹੱਦ ਤੇ ਅੰਮ੍ਰਿਤਸਰ ਜ਼ਿਲੇ ਦੀ BOP ਸ਼ੇਰਪੁਰ ਤੇ ਬੀ.ਐਸ.ਐਫ ਦੇ ਜਵਾਨਾਂ ਨੇ ਇੱਕ ਪਾਕਿਸਤਾਨੀ ਡਰੋਨ ਨੂੰ ਬਰਾਮਦ ਕੀਤਾ ਏ। ਅੰਮ੍ਰਿਤਸਰ ਦਿਹਾਤੀ ਦੇ ਥਾਣਾ ਭਿੰਡੀ ਸ਼ਰਧਾ ਅਧੀਨ ਆਉਂਦੀ. BOP ਸ਼ੇਰਪੁਰ 'ਤੇ ਦੇਰ ਰਾਤ BSF ਦੀ 183 ਬਟਾਲੀਅਨ ਦੇ ਜਵਾਨਾਂ ਨੂੰ ਡਰੋਨ ਦੀ ਹਲਚਲ

ਸੁਣਾਈ ਦਿੱਤੀ। ਜਵਾਨਾਂ ਨੇ ਤੁਰੰਤ ਡਰੋਨ ਵੱਲ ਫਾਇਰਿੰਗ ਕਰਕੇ ਉਸ ਨੂੰ ਹੇਠਾਂ ਡੇਗ ਲਿਆ, ਜਿਸ ਤੋਂ ਬਾਅਦ ਤਲਾਸ਼ੀ ਮੁਹਿੰਮ ਦੌਰਾਨ, ਇਹ ਪਾਕਿਸਤਾਨੀ ਡਰੋਨ ਬਰਾਮਦ ਕੀਤਾ ਗਿਆ। ਜਵਾਨਾਂ ਵੱਲੋਂ ਇਲਾਕੇ ਵਿਚ ਹੋਰ ਭਾਲ ਕੀਤੀ ਜਾ ਰਹੀ ਏ।

---------------------------------------------------

ਏਮਸ ਮੋਹਾਲੀ ਵਿਖੇ ਕਲ ਪੂਰਕ ਖੁਰਾਕ ਦਿਵਸ ਸਮਾਗਮ ਮਨਾਇਆ ਗਿਆ। ਡਾ. ਪ੍ਰਭਜੀਤ ਨੇ ਦੱਸਿਆ ਕਿ ਆਈ. ਏ. ਪੀ. ਢੁਕਵੇਂ ਸਮੇਂ 'ਤੇ ਪੂਰਕ ਖੁਰਾਕ ਸ਼ੁਰੂ ਕਰਨ ਦੀ ਮਹੱਤਤਾ ਨੂੰ ਪਛਾਣ ਦੇਣ ਲਈ 6ਵੇਂ ਮਹੀਨੇ ਦੇ 6ਵੇਂ ਦਿਨ ਪੂਰਕ ਖੁਰਾਕ ਦਿਵਸ ਮਨਾਉਂਦੀ ਏ। ਇਸ ਪਹਿਲਕਦਮੀ ਦਾ ਉਦੇਸ਼ ਭਾਰਤ ਤੇ ਪੰਜਾਬ ਵਿੱਚ ਪੋਸ਼ਣ ਸੰਬੰਧੀ ਗਿਆਨ ਅਤੇ ਅਭਿਆਸਾਂ ਵਿੱਚ ਮਹੱਤਵਪੂਰਨ ਅੰਤਰ ਨੂੰ ਦੂਰ ਕਰਨਾ ਰਿਹਾ। ਡਾਇਰੈਕਟਰ-ਪ੍ਰਿੰਸੀਪਲ ਭਵਨੀਤ ਭਾਰਤੀ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਇਹ ਸਿੱਧੀ ਪਹੁੰਚ ਇੱਕ ਡੂੰਘਾ ਸਿੱਖਣ ਦਾ ਤਜਰਬਾ ਪ੍ਰਦਾਨ ਕਰਦੀ ਏ, ਜਿਸ ਨਾਲ ਵਿਦਿਆਰਥੀਆਂ ਨੂੰ ਪੂਰਕ ਖੁਰਾਕ ਦੇ ਮਹੱਤਵਪੂਰਨ ਭਾਗ ਨੂੰ ਸਮਝਣ ਦੇ ਯੋਗ ਬਣਾਇਆ ਜਾਂਦਾ ਏ। ਇਹ

ਪਹਿਲਕਦਮੀ ਨਾ ਸਿਰਫ਼ ਕੁਪੋਸ਼ਣ ਨੂੰ ਰੋਕਦੀ ਏ, ਸਗੋਂ ਦੇਸ਼ ਦੇ ਵਿਆਪਕ ਸਿਹਤ ਉਦੇਸ਼ਾਂ ਨਾਲ ਵੀ ਮੇਲ ਖਾਂਦੀ ਅਤੇ ਭਵਿੱਖ ਦੇ ਸਿਹਤ ਸੰਭਾਲ ਪੇਸ਼ੇਵਰਾਂ ਨੂੰ ਬਾਲ ਪੋਸ਼ਣ 'ਤੇ ਠੋਸ ਪ੍ਰਭਾਵ ਪਾਉਣ ਲਈ ਸ਼ਕਤੀ ਪ੍ਰਦਾਨ ਕਰਦੀ ਏ। ਬੱਚਿਆਂ ਦੇ ਪੋਸ਼ਣ ਨੂੰ ਬਿਹਤਰ ਬਣਾਉਣ ਲਈ ਪੋਸ਼ਣ ਅਭਿਆਨ ਦੀ ਮਹੱਤਤਾ ਬਾਰੇ ਦੱਸਿਆ ਗਿਆ।

--------------------------------------------------

ਪੰਜਾਬ ਵਿੱਚ ਲਗਾਤਾਰ ਦੂਜੇ ਦਿਨ, ਬੀਤੀ ਦੇਰ ਰਾਤ ਤੇਜ ਹਨੇਰੀ ਝੱਖੜ ਨਾਲ ਪਏ ਹਲਕੇ ਮੀਂਹ ਮਗਰੋਂ ਅੱਜ ਸੂਬੇ ਦੇ ਕਈ ਸ਼ਹਿਰਾਂ ਵਿੱਚ ਤਾਪਮਾਨ ਵਿਚ ਗਿਰਾਵਟ ਨਾਲ, ਲੋਕਾਂ ਨੂੰ ਗਰਮੀ ਤੋਂ ਕੁਝ ਰਾਹਤ ਮਿਲੀ ਏ। ਮੌਸਮ ਵਿਭਾਗ ਨੇ ਪਠਾਨਕੋਟ, ਹੁਸ਼ਿਆਰਪੁਰ, ਨਵਾਂਸ਼ਹਿਰ ਅਤੇ ਰੂਪਨਗਰ ਨੂੰ ਛੱਡ ਕੇ ਪੂਰੇ ਸੂਬੇ ਵਿੱਚ ਮੀਂਹ ਤੇ ਤੇਜ਼ ਹਵਾਵਾਂ ਦਾ ਆਰੇਂਜ ਅਲਰਟ ਜਾਰੀ ਕੀਤਾ ਏ। 40 ਤੋਂ 50 ਕਿਲੋ-ਮੀਟਰ ਪ੍ਰਤੀ ਘੰਟੇ ਦੀ ਰਫ਼ਤਾਰ ਨਾਲ ਵਗੇ, ਇਸ ਤੇਜ਼ ਹਨੇਰੀ ਝੱਖੜ ਨਾਲ ਕਈ ਜ਼ਿਲਿਆਂ ਵਿੱਚ ਸਾਈਨ ਬੋਰਡ ਤੇ ਰੁੱਖ ਉੱਖੜ ਗਏ ਅਤੇ ਬਿਜਲੀ ਗੁੱਲ ਹੋ ਗਈ।

---------------------------------------------------

ਮਹਿਲਾ ਤੇ ਬਾਲ ਵਿਕਾਸ ਮੰਤਰਾਲੇ ਵੱਲੋਂ ਦੇਸ਼ ਦੇ ਹੋਣਹਾਰ ਬੱਚਿਆਂ ਨੂੰ ਸਨਮਾਨਤ ਕਰਨ ਲਈ, ਪ੍ਰਧਾਨ ਮੰਤਰੀ ਕੌਮੀ ਬਾਲ ਪੁਰਸਕਾਰ ਯੋਜਨਾ ਤਹਿਤ, ਬਹਾਦਰ ਬੱਚਿਆ ਨੂੰ ਪੁਰਸਕਾਰ ਦਿੱਤਾ ਜਾਣਾ ਏ । ਇਸ ਪੁਰਸਕਾਰ ਲਈ 31 ਜੁਲਾਈ ਤੱਕ ਆਨ ਲਾਇਨ ਪੋਰਟਲ awards.gov.in ਤੇ ਬਿਨੈ ਕੀਤਾ ਜਾ ਸਕਦਾ ਏ । ਇਕ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਇਸ ਪੁਰਸਕਾਰ ਲਈ, ਸਿਰਫ ਉਹੀ ਬੱਚਾ ਬਿਨੈ ਕਰ ਸਕਦਾ ਏ, ਜਿਸ ਦੀ ਉਮਰ 31 ਜੁਲਾਈ ਨੂੰ 5 ਸਾਲ ਤੋਂ ਵੱਧ ਅਤੇ 18 ਸਾਲ ਤੱਕ ਹੋਵੇ । ਇਸ ਪੁਰਸਕਾਰ ਲਈ ਬੱਚਿਆਂ ਦੇ ਮਾਤਾ-ਪਿਤਾ, ਸਕੂਲੀ ਅਧਿਆਪਕ, ਅਧਿਕਾਰੀ ਜਾਂ ਫੇਰ ਪੁਰਸਕਾਰ ਲੈਣ ਦਾ ਚਾਹਵਾਨ ਬੱਚਾ ਇਸ ਵਾਸਤੇ ਖੁਦ ਵੀ ਅਪਲਾਈ ਕਰ ਸਕਦਾ ਏ ।

---------------------------------------------------

ਪੰਜਾਬ ਵਿਜੀਲੈਂਸ ਬਿਊਰੋ ਨੇ ਐਸ.ਏ.ਐਸ. ਨਗਰ ਦੇ ਥਾਣਾ ਘੜੂੰਆਂ ਵਿਖੇ ਤਾਇਨਾਤ ਹੌਲਦਾਰ ਮਨਪ੍ਰੀਤ ਸਿੰਘ ਖਿਲਾਫ 25 ਹਜ਼ਾਰ ਰੁਪਏ

ਰਿਸ਼ਵਤ ਮੰਗਣ ਅਤੇ ਲੈਣ ਕਰਕੇ, ਭ੍ਰਿਸ਼ਟਾਚਾਰ ਦਾ ਮਾਮਲਾ ਦਰਜ ਕਰਦਿਆਂ ਉਸ ਨੂੰ ਗ੍ਰਿਫਤਾਰ ਕੀਤਾ ਏ । ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਬਲਜਿੰਦਰ ਕੌਰ ਵੱਲੋਂ ਦਰਜ ਕਰਵਾਈ ਗਈ ਆਨਲਾਈਨ ਸ਼ਿਕਾਇਤ ਦੇ ਆਧਾਰ 'ਤੇ ਇਹ ਮੁਕੱਦਮਾ ਦਰਜ ਕੀਤਾ ਗਿਆ ਏ। ਸ਼ਿਕਾਇਤਕਰਤਾ ਨੇ ਦੱਸਿਆ ਏ ਕਿ ਉਸਨੇ ਥਾਣਾ ਘੜੂੰਆਂ ਵਿਖੇ ਇੱਕ ਪੁਲਿਸ ਮਾਮਲਾ ਦਰਜ ਕਰਵਾਇਆ ਗਿਆ ਸੀ ਅਤੇ ਇਸ ਪੁਲਿਸ ਮੁਲਾਜ਼ਮ ਨੇ, ਮਾਮਲੇ ਦੀ ਜਾਂਚ ਜਲਦ ਮੁਕੰਮਲ ਕਰਨ ਬਦਲੇ ਸ਼ਿਕਾਇਤਕਰਤਾ ਤੋਂ 50 ਹਜ਼ਾਰ ਰੁਪਏ ਦੀ ਮੰਗ ਕੀਤੀ ਸੀ ਅਤੇ ਜਿਸ ਵਿੱਚੋਂ 25,000 ਰੁਪਏ ਉਹ ਪਹਿਲਾਂ ਹੀ ਲੈ ਚੁੱਕਾ ਏ । ਮੁਲਜ਼ਮ ਹੌਲਦਾਰ ਨੂੰ ਅੱਜ ਅਦਾਲਤ ਵਿੱਚ ਪੇਸ਼ ਕੀਤਾ ਜਾ ਰਿਹਾ ਏ ।